بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡد
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in　　ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਕੁਰਆਨ ਕਰੀਮ, ਅਹਾਦੀਸਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਇਰਸ਼ਾਦਾਂ ਦੀ ਰੋਸ਼ਨੀ ਵਿੱਚ ਤਬਲੀਗ਼ ਦੇ ਹਵਾਲੇ ਨਾਲ ਨਸੀਹਤਾਂ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 12 ਦਿਸੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ أَلۡحَمۡدُ لِلّٰهِ رَبِّ الۡعٰلَمِيۡنَ ۞ أَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਸੂਰਤ ਨਹਲ ਦੀ ਆਯਤ 126 ਦੀ ਤਿਲਾਵਤ ਕੀਤੀ ਅਤੇ ਉਸਦਾ ਅਨੁਵਾਦ ਕਰਦੇ ਹੋਏ ਫ਼ਰਮਾਇਆ: ਅਨੁਵਾਦ ਇਸਦਾ ਇਹ ਹੈ ਕਿ ਆਪਣੇ ਰੱਬ ਦੇ ਰਸਤੇ ਵੱਲ **ਹਿਕਮਤ** ਦੇ ਨਾਲ ਅਤੇ ਚੰਗੀ ਨਸੀਹਤ ਦੇ ਨਾਲ ਦਾਵਅਤ ਦੇ ਅਤੇ ਉਨ੍ਹਾਂ ਨਾਲ ਅਜਿਹੀ ਦਲੀਲ ਦੇ ਨਾਲ ਬਹਿਸ ਕਰ ਜਿਹੜੀ ਬਿਹਤਰੀਨ ਹੋਵੇ। ਯਕ਼ੀਨਨ ਤੇਰਾ ਰੱਬ ਹੀ ਉਸਨੂੰ ਜਿਹੜਾ ਉਸਦੇ ਰਸਤੇ ਤੋਂ **ਭਟਕ** ਚੁੱਕਿਆ ਹੈ, ਸਭ ਤੋਂ ਜ਼ਿਆਦਾ ਜਾਣਦਾ ਹੈ ਅਤੇ ਉਹ ਹਿਦਾਇਤ ਪਾਉਣ ਵਾਲਿਆਂ ਦਾ ਵੀ ਸਭ ਤੋਂ ਜ਼ਿਆਦਾ ਇਲਮ ਰੱਖਦਾ ਹੈ।

ਕੁਰਆਨ ਕਰੀਮ ਵਿੱਚ ਅੱਲਾਹ ਤਆਲਾ ਨੇ ਅਹਸਨ ਰੰਗ ਵਿੱਚ **ਤਬਲੀਗ਼** ਕਰਨ ਦੀ ਹਿਦਾਇਤ ਦਿੱਤੀ ਹੈ ਤਾਂ ਜੋ ਦੂਸਰਿਆਂ 'ਤੇ ਅਸਰ ਵੀ ਹੋਵੇ ਅਤੇ ਇਸਦਾ ਫ਼ਾਇਦਾ ਵੀ ਹੋਵੇ। ਉਹ ਲੋਕ ਜਿਹੜੇ ਇਸ 'ਤੇ ਅਮਲ ਕਰਦੇ ਹਨ, ਅੱਲਾਹ ਤਆਲਾ ਦੇ ਫ਼ਜ਼ਲ ਨਾਲ ਉਹ ਬਹੁਤ ਹੱਦ ਤੱਕ **ਕਾਮਯਾਬ** ਹੋ ਜਾਂਦੇ ਹਨ। ਬਸ ਇਸ ਅਸੂਲ ਨੂੰ ਹਮੇਸ਼ਾ ਆਪਣੇ ਸਾਹਮਣੇ ਰੱਖਣਾ ਚਾਹੀਦਾ ਹੈ। ਅੱਜ ਕੱਲ ਸੋਸ਼ਲ ਮੀਡੀਆ ਦੀ ਵਜ੍ਹਾ ਨਾਲ ਲੋਕ ਸਮਝਦੇ ਹਨ ਕਿ ਤਬਲੀਗ਼ ਬਹੁਤ ਆਸਾਨ ਹੈ। ਪਰ ਤਬਲੀਗ਼ ਦੇ ਲਈ ਵੀ ਕੁੱਝ ਸ਼ਰਤਾਂ ਅਤੇ ਆਦਾਬ ਹਨ ਜਿਨ੍ਹਾਂ ਨੂੰ ਹਮੇਸ਼ਾ ਆਪਣੇ ਸਾਹਮਣੇ ਰੱਖਣਾ ਚਾਹੀਦਾ ਹੈ ਨਹੀਂ ਤਾਂ ਉਲਟਾ ਅਸਰ ਹੋ ਜਾਂਦਾ ਹੈ। ਬਸ ਇਸ ਗੱਲ ਨੂੰ ਹਮੇਸ਼ਾ ਸਾਹਮਣੇ ਰੱਖਣਾ ਚਾਹੀਦਾ ਹੈ ਕਿ ਅਸੀਂ ਜਿਹੜੀ ਤਬਲੀਗ਼ ਕਰਨੀ ਹੈ ਉਹ ਅਹਸਨ ਰੰਗ ਵਿੱਚ ਕਰਨੀ ਹੈ।

ਇੱਕ ਵਾਰ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਤਬਲੀਗ਼ ਦੇ ਬਾਰੇ ਇੱਕ ਬੜੀ ਅਹਿਮ ਹਿਦਾਇਤ ਫ਼ਰਮਾਈ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਫ਼ਰਮਾਇਆ ਕਿ ਮੈਂ ਹਰਗਿਜ਼ **ਮੁਨਾਸਿਬ** ਨਹੀਂ ਜਾਣਦਾ ਕਿ ਅਜਿਹੇ ਲੋਕ ਜਿਹੜੇ ਇਸਲਾਮੀ ਤਾਲੀਮ ਤੋਂ ਪੂਰੇ ਤੌਰ 'ਤੇ ਵਾਕ਼ਿਫ਼ ਨਹੀਂ ਅਤੇ ਉਸ ਦੀਆਂ ਆਲਾ ਦਰਜੇ ਦੀਆਂ ਖ਼ੂਬੀਆਂ ਤੋਂ ਬਿਲਕੁਲ ਬੇ-ਖ਼ਬਰ ਅਤੇ ਹਾਲੀਆ ਜ਼ਮਾਨੇ ਦੀਆਂ ਨੁਕਤਾ ਚੀਨੀਆਂ ਦੇ ਜਵਾਬਾਂ 'ਤੇ ਪੂਰੇ ਤੌਰ 'ਤੇ ਹਾਵੀ ਨਹੀਂ ਹਨ ਅਤੇ ਨਾ ਰੂਹੁਲ ਕੁੱਦੁਸ ਕੋਲੋਂ ਤਾਲੀਮ ਪਾਉਣ ਵਾਲੇ ਹਨ, ਉਹ ਸਾਡੇ ਵੱਲੋਂ ਵਕੀਲ ਹੋ ਕੇ ਜਾਵਣ। ਫ਼ਰਮਾਇਆ ਕਿ ਮੇਰੇ ਮੁਬੱਲਿਗ਼ਾਂ ਨੂੰ ਅੱਲਾਹ ਤਆਲਾ ਨਾਲ ਵੀ ਇੱਕ ਖ਼ਾਸ ਤਅੱਲੁਕ਼ ਹੋਣਾ ਚਾਹੀਦਾ ਹੈ ਤਾਂ ਜੋ ਅੱਲਾਹ ਤਆਲਾ ਫਿਰ ਉਨ੍ਹਾਂ ਦਾ ਸਮਰਥਨ ਕਰੇ।

ਤਬਲੀਗ਼ ਦੇ ਬਾਰੇ ਪਹਿਲੀ ਗੱਲ ਸਾਨੂੰ ਇਹ ਯਾਦ ਰੱਖਣੀ ਚਾਹੀਦੀ ਹੈ ਕਿ ਇਸਲਾਮ ਉਹ ਵਾਹਿਦ **ਮਜ਼ਹਬ** ਹੈ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਉਹ ਵਾਹਿਦ **ਨਬੀ** ਹਨ ਜਿਹੜੇ ਦੁਨੀਆ ਵਿੱਚ ਅੱਲਾਹ ਤਆਲਾ ਦਾ

ਉਹ ਪੈਗ਼ਾਮ ਲੈ ਕੇ ਆਏ ਜਿਹੜਾ ਸਾਰੀ ਦੁਨੀਆ ਦੇ ਲਈ ਹੈ ਅਤੇ ਅੱਲਾਹ ਤਆਲਾ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਸਾਰੇ ਲੋਕਾਂ ਅਤੇ ਸਾਰੀ ਦੁਨੀਆ ਦੇ ਲਈ, ਸਾਰੀਆਂ ਕ਼ੌਮਾਂ ਦੇ ਲਈ **ਬਸ਼ੀਰ** ਅਤੇ **ਨਜ਼ੀਰ** ਬਣਾ ਕੇ ਭੇਜਿਆ ਹੈ। ਇਸ ਗੱਲ ਨੂੰ ਹਮੇਸ਼ਾ ਸਾਹਮਣੇ ਰੱਖਣਾ ਚਾਹੀਦਾ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਵੀ ਤਬਲੀਗ਼ ਦੇ ਲਈ ਹੁਕਮ ਦਿੱਤੇ ਹਨ ਅਤੇ ਕੁੱਝ ਹਿਦਾਇਤਾਂ ਫ਼ਰਮਾਇਆ ਕਰਦੇ ਸਨ। ਇੱਕ ਹੁਕਮ ਦਿੱਤਾ ਕਿ ਲੋਕਾਂ ਨਾਲ ਉਨ੍ਹਾਂ ਦੀਆਂ ਅਕ਼ਲਾਂ ਦੇ ਮੁਤਾਬਿਕ਼ ਗੱਲ ਕਰਿਆ ਕਰੋ। ਇੱਕ ਨੁਕਤਾ ਇਹ ਵੀ ਹੈ ਕਿ **ਮਜ਼ਲੂਮ** ਦੀ ਬਦ-ਦੁਆ ਤੋਂ ਬਚੋ। ਹਮੇਸ਼ਾ ਤਬਲੀਗ਼ ਕਰਨ ਵਾਲਿਆਂ ਦੇ ਆਪਣੇ **ਅਖ਼ਲਾਕ਼** ਚੰਗੇ ਅਤੇ ਉੱਚੇ ਹੋਣ ਅਤੇ ਇਨਸਾਨੀ ਹੱਕ਼ਾਂ ਦਾ ਇਹ ਮਿਆਰ ਹੋਵੇ ਕਿ ਉਹ ਕਦੇ ਕਿਸੇ ਮਜ਼ਲੂਮ ਦੀ ਬਦ-ਦੁਆ ਲੈਣ ਵਾਲੇ ਨਾ ਹੋਣ। ਫ਼ਰਮਾਇਆ, ਇਸ ਲਈ ਬਚਣਾ ਚਾਹੀਦਾ ਹੈ ਕਿਉਂਕਿ ਉਸ ਦੇ ਅਤੇ ਅੱਲਾਹ ਦੇ ਦਰਮਿਆਨ ਕੋਈ ਰੋਕ ਨਹੀਂ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇੱਕ ਜਗ੍ਹਾ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਖ਼ੁਦਾ ਨੇ ਸਾਡੇ ਤੇ ਫ਼ਰਜ਼ ਕਰ ਦਿੱਤਾ ਹੈ ਕਿ ਝੂਠੇ ਇਲਜ਼ਾਮਾਂ ਨੂੰ **ਹਿਕਮਤ** ਅਤੇ ਚੰਗੀ **ਨਸੀਹਤ** ਦੇ ਨਾਲ ਦੂਰ ਕਰੀਏ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੀ ਤਬਲੀਗ਼ ਅਖ਼ਲਾਕ਼ ਦੇ ਦਾਇਰੇ ਵਿੱਚ ਹੋਵੇ। ਕੁੱਝ ਲੋਕ ਕਹਿ ਦਿੰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਵੀ ਸਖ਼ਤੀ ਕੀਤੀ ਹੈ। ਪਹਿਲੀ ਗੱਲ ਤਾਂ ਇਹੀ ਹੈ ਕਿ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਸਖ਼ਤੀ ਨਹੀਂ ਕੀਤੀ, ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਆਪਣੀਆਂ ਵੱਖ-ਵੱਖ ਕਿਤਾਬਾਂ ਵਿੱਚ ਸਖ਼ਤ ਅਲਫ਼ਾਜ਼ ਤੋਂ ਜਮਾਅਤ ਨੂੰ ਰੋਕਿਆ ਹੈ ਅਤੇ ਇਹੀ ਫ਼ਰਮਾਇਆ ਹੈ ਕਿ ਕਈ ਜਗ੍ਹਾ ਮੈਂ ਇਹ ਅਲਫ਼ਾਜ਼ ਕੁੱਝ **ਮਜਬੂਰੀਆਂ** ਦੀ ਵਜ੍ਹਾ ਨਾਲ ਇਸਤੇਮਾਲ ਕੀਤੇ ਹਨ ਅਤੇ ਇਸ ਸਖ਼ਤੀ ਵਿੱਚ ਉਨ੍ਹਾਂ ਦੀ ਤਾਰੀਖ਼ ਦੇ ਹਵਾਲੇ ਨਾਲ ਗੱਲਾਂ ਕੀਤੀਆਂ ਹਨ। ਉਨ੍ਹਾਂ ਦੀ ਤਰ੍ਹਾਂ ਗਾਲ੍ਹਾਂ ਅਤੇ ਗੰਦੀ ਜ਼ੁਬਾਨ ਇਸਤੇਮਾਲ ਨਹੀਂ ਕੀਤੀ।

ਹਜ਼ਰਤ ਮੁਸਲਹਿ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਵੀ ਤਫ਼ਸੀਰਿ ਕਬੀਰ ਵਿੱਚ اُدۡعُ اِلٰی سَبِیۡلِ رَبِّکَ بِالۡحِکۡمَۃِ ਦੀ ਵਿਆਖਿਆ ਕੀਤੀ ਹੈ। ਆਪ ਰਜ਼ਿ ਅੱਲਾਹੁ ਅਨਹੁ ਨੇ ਬੜੀ ਹਸਰਤ ਨਾਲ ਫ਼ਰਮਾਇਆ ਸੀ ਕਿ ਜੇਕਰ ਇਸ ਗੁਰ ਨੂੰ ਮੁਸਲਮਾਨ ਸਮਝਦੇ ਤਾਂ ਯਹੂਦੀਅਤ ਅਤੇ ਇਸਾਈਅਤ ਨੂੰ ਖਾ ਜਾਂਦੇ। ਸਾਡਾ ਹਥਿਆਰ ਕ਼ੁਰਆਨ ਕਰੀਮ ਹੀ ਹੈ ਜਿਸ ਦੇ ਬਾਰੇ ਅੱਲਾਹ ਤਆਲਾ ਫ਼ਰਮਾਉਂਦਾ ਹੈ ਇਸ ਕ਼ੁਰਆਨ ਦੀ ਤਲਵਾਰ ਲੈ ਕੇ ਦੁਨੀਆ ਨਾਲ **ਜਿਹਾਦ** ਲਈ ਨਿਕਲ ਖੜਾ ਹੋ। ਪਰ ਅਫ਼ਸੋਸ ਕਿ ਅੱਜ ਦੁਨੀਆ ਦੀ ਹਰ ਚੀਜ਼ ਮੁਸਲਮਾਨਾਂ ਦੇ ਹੱਥ ਵਿੱਚ ਹੈ ਪਰ ਜੇਕਰ ਨਹੀਂ ਤਾਂ ਇਹੀ ਤਲਵਾਰ ਜਿਸ ਨੂੰ ਲੈ ਕੇ ਨਿਕਲ ਖੜੇ ਹੋਣ ਦਾ ਅੱਲਾਹ ਤਆਲਾ ਨੇ ਹੁਕਮ ਦਿੱਤਾ ਸੀ। ਹੁਣ ਅੱਜ ਇਹ ਜਮਾਅਤ ਅਹਮਦਿੱਯਾ ਦਾ ਕੰਮ ਹੈ ਕਿ ਇਸਲਾਮ ਦਾ ਪੈਗ਼ਾਮ ਦੁਨੀਆ ਨੂੰ ਦੱਸੇ ਕਿ ਦੀਨ ਵਿੱਚ ਸਿਰਫ਼ **ਖ਼ੁਸ਼ਕ** ਦਲੀਲਾਂ ਨਹੀਂ ਹਨ ਬਲਕਿ ਨਸੀਹਤ ਦੇ ਵੱਖ ਵੱਖ ਪਹਿਲੂ ਹਨ ਜਿਨ੍ਹਾਂ 'ਤੇ ਅਮਲ ਕਰਨਾ ਚਾਹੀਦਾ ਹੈ। ਫਿਰ ਫ਼ਰਮਾਇਆ ਕਿ ਜਜ਼ਬਾਤ ਉਭਾਰਨ ਵਾਲੀਆਂ ਗੱਲਾਂ ਵੀ ਕਰਿਆ ਕਰੋ ਅਤੇ ਹਿਕਮਤ ਦੇ ਨਾਲ مَوۡعِظَۃِالۡحَسَنَۃِ ਨੂੰ ਵੀ ਸ਼ਾਮਿਲ ਰੱਖਿਆ ਕਰੋ।

ਫਿਰ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਤੁਸੀਂ ਚੰਗੀ ਤਰ੍ਹਾਂ ਤਬਲੀਗ਼ ਕਰਦੇ ਰਹੋ ਪਰ ਜੇਕਰ ਲੋਕ ਨਾ ਮੰਨਣ ਤਾਂ ਇਸ ਤੋਂ ਇਹ ਨਤੀਜਾ ਕੱਢ ਕੇ **ਮਾਯੂਸ** ਨਾ ਹੋ ਜਾਣਾ ਕਿ ਸਾਨੂੰ ਤਬਲੀਗ਼ ਕਰਨੀ ਹੀ ਨਹੀਂ ਆਉਂਦੀ ਕਿਉਂਕਿ ਮੁਮਕਿਨ ਹੈ ਕਿ ਤੁਹਾਡੀ ਤਬਲੀਗ਼ ਵਿੱਚ ਕੋਈ ਨੁਕ਼ਸ ਨਾ ਹੋਵੇ ਪਰ ਸੰਬੋਧਿਤ ਦੇ ਦਿਲ 'ਤੇ ਉਸਦੇ ਗੁਨਾਹਾਂ ਦਾ ਅਜਿਹਾ ਜ਼ੰਗ ਹੋਵੇ ਕਿ ਖ਼ੁਦਾ ਤਆਲਾ ਉਸ ਦੇ ਲਈ ਹਿਦਾਇਤ ਦੀ ਖਿੜਕੀ ਨਾ ਖੋਲ੍ਹੇ। ਭਾਵ ਤਬਲੀਗ਼ ਵਿੱਚ **ਰੁੱਝੇ** ਰਹਿਣਾ ਚਾਹੀਦਾ ਹੈ। ਇਹੀ ਅਸਲ ਚੀਜ਼ ਹੈ। ਸਾਡਾ ਕੰਮ ਤਬਲੀਗ਼ ਕਰਦੇ ਰਹਿਣਾ ਹੈ। ਨਤੀਜਾ ਕੱਢਣਾ ਅਤੇ ਅਸਰ ਪੈਦਾ ਕਰਨਾ ਖ਼ੁਦਾ ਤਆਲਾ ਦਾ ਕੰਮ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਮੇਰੀ ਗੱਲ ਸੁਣ ਰੱਖੋ ਅਤੇ ਖ਼ੂਬ ਯਾਦ ਕਰ ਲਓ ਕਿ ਜੇਕਰ ਇਨਸਾਨ ਦੀ ਗੁਫ਼ਤਗੂ ਸੱਚੇ ਦਿਲ ਨਾਲ ਨਾ ਹੋਵੇ ਅਤੇ ਅਮਲੀ ਤਾਕ਼ਤ ਉਸ ਵਿੱਚ ਨਾ ਹੋਵੇ ਤਾਂ ਉਹ ਅਸਰ ਪਜ਼ੀਰ ਨਹੀਂ ਹੁੰਦੀ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਇੱਕ ਹੋਰ ਜਗ੍ਹਾ ਫ਼ਰਮਾਉਂਦੇ ਹਨ ਕਿ ਮੋਮਿਨ ਨੂੰ **ਦੋ ਰੰਗੀ** (ਮੁਨਾਫ਼ਿਕ਼ਤ) ਇਖ਼ਤਿਆਰ ਨਹੀਂ ਕਰਨੀ ਚਾਹੀਦੀ ਹੈ ਤਦ ਹੀ ਤਬਲੀਗ਼ ਵਿੱਚ ਬਰਕਤ ਪਵੇਗੀ। ਫਿਰ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਇੱਕ ਜਗ੍ਹਾ ਫ਼ਰਮਾਇਆ ਕਿ ਇੱਕ ਹੀ ਗੱਲ ਹੁੰਦੀ ਹੈ, ਉਹ ਇੱਕ ਪੈਰਾਏ ਵਿੱਚ

ਅਦਾ ਕਰਨ ਨਾਲ ਇੱਕ ਸ਼ਖ਼ਸ ਨੂੰ **ਦੁਸ਼ਮਣ** ਬਣਾ ਸਕਦੀ ਹੈ ਅਤੇ ਦੂਸਰੇ ਪੈਰਾਏ ਵਿੱਚ **ਦੋਸਤ** ਬਣਾ ਦਿੰਦੀ ਹੈ। ਬਸ وَجَادِلۡهُمۡ بِالَّتِیۡ هِیَ اَحۡسَنُ ਦੇ ਮੁਤਾਬਿਕ਼ ਆਪਣਾ ਅਮਲ ਦਰਾਮਦ ਰੱਖੋ। ਇਸੇ ਤਰਜ਼ਿ ਕਲਾਮ ਦਾ ਨਾਮ ਖ਼ੁਦਾ ਨੇ ਹਿਕਮਤ ਰੱਖਿਆ ਹੈ।

ਫਿਰ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਫ਼ਰਮਾਇਆ ਕਿ ਚਾਹੀਦਾ ਹੈ ਕਿ ਜਦ ਗੱਲ ਕਰੇ ਤਾਂ ਸੋਚ ਕੇ, ਥੋੜੀ ਅਤੇ ਕੰਮ ਦੀ ਗੱਲ ਕਰੇ। ਬਸ ਛੋਟਾ ਜਿਹਾ ਚੁਟਕੁਲਾ ਕਿਸੇ ਵੇਲੇ ਛੱਡ ਦਿੱਤਾ ਜਿਹੜਾ ਸਿੱਧਾ ਕੰਨ ਦੇ ਅੰਦਰ ਚਲਾ ਜਾਂਦਾ ਹੈ। ਫਿਰ ਕਦੀ ਸਬੱਬ ਹੋਇਆ ਤਾਂ ਫਿਰ ਸਹੀ। ਭਾਵ ਹੌਲੀ ਹੌਲੀ ਪੈਗ਼ਾਮਿ ਹੱਕ਼ ਪਹੁੰਚਾਉਂਦਾ ਰਹੇ ਅਤੇ ਥੱਕੇ ਨਾ। ਪਰ ਅੱਜ ਕੱਲ ਕਿਉਂਕਿ ਲੋਕ ਦੁਨਿਆਵੀ ਫ਼ਿਕਰਾਂ ਵਿੱਚ ਡੁੱਬੇ ਹੋਏ ਹਨ ਅਤੇ ਉਨ੍ਹਾਂ ਨੂੰ ਸਮਝਾਉਣਾ ਮੁਸ਼ਕਿਲ ਹੈ, ਜੇਕਰ ਸਾਡੇ ਅਮਲੀ ਨਮੂਨੇ ਹੋਣਗੇ ਤਾਂ ਖ਼ੁਦ ਲੋਕਾਂ ਦੀ **ਤਵੱਜੋ** ਵੀ ਸਾਡੇ ਵੱਲ ਪੈਦਾ ਹੋਵੇਗੀ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਫ਼ਰਮਾਇਆ ਕਿ ਯਾਦ ਰੱਖੋ ਕਿ ਹਰ **ਤਾਲੇ** ਦੇ ਲਈ ਇੱਕ **ਚਾਬੀ** ਹੁੰਦੀ ਹੈ। ਗੱਲ ਦੇ ਲਈ ਵੀ ਇੱਕ ਚਾਬੀ ਹੈ, ਉਹ ਮੁਨਾਸਿਬ ਤਰਜ਼ ਹੈ। ਇਹ ਨਹੀਂ ਕਿ ਸਾਰਿਆਂ ਨਾਲ ਇੱਕੋ ਜਿਹੀ ਗੱਲ ਕੀਤੀ ਜਾਵੇ। ਬਿਆਨ ਕਰਨ ਵਾਲੇ ਨੂੰ ਚਾਹੀਦਾ ਹੈ ਕਿ ਕਿਸੇ ਦੇ ਬੁਰਾ ਕਹਿਣ ‘ਤੇ ਬੁਰਾ ਨਾ ਮਨਾਵੇ ਬਲਕਿ ਆਪਣਾ ਕੰਮ ਕਰੀ ਜਾਵੇ ਅਤੇ ਥੱਕੇ ਨਾ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਆਪਣੀ ਜਮਾਅਤ ਨੂੰ ਹਿਦਾਇਤ ਫ਼ਰਮਾਈ ਕਿ ਜਿਸ ਤਰ੍ਹਾਂ **ਨਮਾਜ਼**, **ਰੋਜ਼ਾ**, **ਹੱਜ** ਅਤੇ **ਜ਼ਕਾਤ** ਇਸਲਾਮ ਦੇ ਅਜਿਹੇ ਹੁਕਮ ਹਨ ਜਿਨ੍ਹਾਂ ‘ਤੇ ਅਮਲ ਕਰਨਾ ਹਰ ਜ਼ਮਾਨੇ ਵਿੱਚ ਜ਼ਰੂਰੀ ਹੈ ਇਸੇ ਤਰ੍ਹਾਂ **ਜਿਹਾਦ** ਵੀ ਅਜਿਹੇ ਅਮਲਾਂ ਵਿੱਚੋਂ ਹੈ ਜਿਸ ‘ਤੇ ਅਮਲ ਕਰਨਾ ਹਰ ਜ਼ਮਾਨੇ ਵਿੱਚ ਜ਼ਰੂਰੀ ਹੈ। ਫ਼ਰਮਾਇਆ ਕਿ ਹੁਣ ਜਿਹਾਦ ਤੁਹਾਡਾ **ਕ਼ਲਮ** ਦੇ ਜ਼ਰੀਏ **ਜਿਹਾਦ** ਹੈ। ਬਸ ਇਸ ਤਰ੍ਹਾਂ ਕ਼ਲਮ ਨਾਲ ਜਿਹਾਦ ਕਰਨਾ ਅਤੇ ਦੁਨੀਆ ਨੂੰ ਦੱਸਣਾ ਚਾਹੀਦਾ ਹੈ ਕਿ ਇੱਕ ਪਾਸੇ ਮੰਨਦੇ ਹਨ ਕਿ ਮਸੀਹ ਅਤੇ ਮਹਦੀ ਨੇ ਆਉਣਾ ਹੈ, ਦੂਸਰੇ ਪਾਸੇ ਇਨਕਾਰ ਵੀ ਕਰਦੇ ਹਨ। ਅਸੀਂ ਉਨ੍ਹਾਂ ਦੀਆਂ ਬਹਿਸਾਂ ਨੂੰ ਸ਼ਾਬਦਿਕ ਅਰਥਾਂ ਅਤੇ ਝਗੜਿਆਂ ਵਿੱਚ ਲੈ ਕੇ ਬੈਠ ਜਾਈਏ ਤਾਂ ਇਸ ਦਾ ਫ਼ਾਇਦਾ ਕੋਈ ਨਹੀਂ ਹੋਵੇਗਾ। ਉਨ੍ਹਾਂ ਨੂੰ ਕਹਿਣਾ ਚਾਹੀਦਾ ਹੈ ਕਿ ਸਾਡਾ ਅਸਲ **ਮਕ਼ਸਦ** ਇਸਲਾਮ ਨੂੰ ਦੁਨੀਆ ‘ਤੇ ਗ਼ਾਲਿਬ ਕਰਨਾ ਹੈ ਕਿਉਂਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਸਾਰੀ ਦੁਨੀਆ ਦੇ ਨਬੀ ਅਤੇ ਰਸੂਲ ਬਣ ਕੇ ਆਏ ਹਨ। ਅੱਜ ਸਾਡੀ ਤਾਦਾਦ ਤਾਂ ਦੁਨੀਆਂ ਦੀ ਆਬਾਦੀ ਦੇ ਚੌਥੇ ਹਿੱਸੇ ਤੋਂ ਵੀ ਘੱਟ ਹੈ। ਜਦ ਤੱਕ ਅਸੀਂ ਦੁਨੀਆ ਨੂੰ ਇਸਲਾਮ ਦੇ ਝੰਡੇ ਤਲੇ ਨਹੀਂ ਲੈ ਆਉਂਦੇ ਅਸੀਂ ਕਿਸ ਤਰ੍ਹਾਂ ਕਹਿ ਸਕਦੇ ਹਾਂ ਕਿ ਅਸੀਂ ਬਹੁਤ ਕੰਮ ਕਰ ਲਿਆ ਹੈ। ਅੱਜ ਇਹ ਸਾਡਾ ਕੰਮ ਹੈ ਕਿ ਇਸ ਤਰ੍ਹਾਂ ਦਾ ਜਿਹਾਦ ਕਰੀਏ ਅਤੇ ਤਦ ਹੀ ਸਾਡਾ ਜਿਹਾਦ ਕਾਮਯਾਬ ਹੋਵੇਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ **ਮੁਰੱਬੀਆਂ** ਨੂੰ ਮੈਂ ਕਹਿੰਦਾ ਹਾਂ ਉਨ੍ਹਾਂ ਦੇ ਜ਼ਿੰਮੇ ਇੱਕ ਬਹੁਤ ਵੱਡੀ ਜ਼ਿੰਮੇਦਾਰੀ ਹੈ। ਉਨ੍ਹਾਂ ਨੂੰ ਨੇ ਸਿਰਫ਼ ਤਰਬੀਅਤ ਹੀ ਨਹੀਂ ਕਰਨੀ ਜਮਾਅਤ ਦੀ ਬਲਕਿ ਇਸ ਤਰਬੀਅਤ ਦੇ ਨਾਲ ਨਾਲ ਲੋਕਾਂ ਨੂੰ ਅੱਲਾਹ ਤਆਲਾ ਦੇ ਨਾਲ **ਤਅੱਲੁਕ਼** ਵਿੱਚ ਜੋੜਨਾ ਹੈ। ਜਿੱਥੇ ਉਹ ਇਹ ਕਰਨਗੇ ਉੱਥੇ ਉਨ੍ਹਾਂ ਦਾ ਇਲਮ ਵੀ ਵਧਾਉਣ ਅਤੇ ਉਨ੍ਹਾਂ ਨੂੰ ਇਸ ਜਿਹਾਦ ਦੇ ਲਈ ਤਿਆਰ ਵੀ ਕਰਨ। ਜਦ ਇਹ ਕਰਨਗੇ ਤਦ ਹੀ ਆਪਣਾ ਐਹਦ ਪੂਰਾ ਕਰਨ ਵਾਲੇ ਹੋਣਗੇ।

ਆਖ਼ਿਰ ਵਿੱਚ ਹਜ਼ੂਰ ਅਨਵਰ ਨੇ ਹਜ਼ਰਤ ਮੁਸਲਹਿ ਮੌਊਦ ਰਜ਼ਿ ਅੱਲਾਹੁ ਅਨਹੁ ਦੀ ਮੁਰੱਬੀਆਂ ਨੂੰ ਵੱਖ ਵੱਖ ਮੌਕ਼ਿਆਂ ‘ਤੇ ਫ਼ਰਮਾਈਆਂ ਗਈਆਂ ਨਸੀਹਤਾਂ ਵਿੱਚੋਂ ਜ਼ਰੂਰੀ ਗੱਲਾਂ ਦਾ ਇੱਕ ਸੰਖੇਪ ਸਾਰ ਪੇਸ਼ ਕੀਤਾ ਕਿ ਉਨ੍ਹਾਂ ਵਿੱਚ ਨਫ਼ਸ ਦੀ ਪਾਕੀਜ਼ਗੀ, ਕ਼ਯਾਮਿ ਤਹੱਜੁਦ, ਕੁਰਆਨ ਕਰੀਮ ਦਾ ਗਹਿਰਾਈ ਨਾਲ ਮੁਤਾਲਿਆ (ਵਿਸ਼ਲੇਸ਼ਣ), ਜ਼ਿਕਰਿ ਇਲਾਹੀ ਅਤੇ ਮੁਤਾਲਿਆ ਦੀ ਆਦਤ ਹੋਵੇ ਅਤੇ ਅੱਲਾਹ ਤਆਲਾ ‘ਤੇ ਵਿਸ਼ਵਾਸ ਤਾਂ ਬਹੁਤ ਜ਼ਿਆਦਾ ਹੋਣਾ ਚਾਹੀਦਾ ਹੈ, ਖ਼ੁਸ਼ਾਮਦੀ ਨਹੀਂ ਹੋਣੀ ਚਾਹੀਦੀ। ਫਿਰ ਲੋਕਾਂ ਨਾਲ ਤਅੱਲੁਕ਼ ਬਿਹਤਰ ਕਰਨੇ ਚਾਹੀਦੇ ਹਨ। ਫਿਰ ਬਦੀ ਦੀ ਜੁਰਅਤ ਤੋਂ ਤਰਦੀਦ ਕਰਨ ਅਤੇ ਮੁਸਤਕ਼ਿਲ ਮਿਜ਼ਾਜੀ (ਨਿਸ਼ਚੇ ਦੀ ਸਥਿਰਤਾ) ਦੀ ਆਦਤ ਹੋਣੀ ਚਾਹੀਦੀ ਹੈ। ਜਦ ਮੁਰੱਬਿਯਾਨ ਆਪ ਅਮਲ ਕਰ ਰਹੇ ਹੋਣਗੇ ਤਾਂ ਜਮਾਅਤ ਦੇ ਅੰਦਰ ਵੀ ਯਕ਼ੀਨਨ ਇਹ ਰੂਹ ਪੈਦਾ ਹੋ ਰਹੀ ਹੋਵੇਗੀ। ਫਿਰ ਗ਼ੌਰੋ ਫ਼ਿਕਰ ਕਰਨ ਦੀ ਆਦਤ ਅਤੇ ਅੱਲਾਹ ਤਆਲਾ ਨਾਲ ਤਅੱਲੁਕ਼ ਹੋਣਾ ਚਾਹੀਦਾ ਹੈ। ਜੇਕਰ ਇਹ ਹੋਵੇਗਾ ਤਾਂ ਫਿਰ ਇੱਕ ਅਜ਼ੀਮ

ਇਨਕ਼ਿਲਾਬ ਹੈ ਜਿਹੜਾ ਅਸੀਂ ਪੈਦਾ ਕਰ ਸਕਦੇ ਹਾਂ। ਅੱਲਾਹ ਤਆਲਾ ਸਭ ਨੂੰ ਇਸ ਦੀ ਤੌਫ਼ੀਕ਼ ਦੇਵੇ ਅਤੇ ਦਾਇਯਾਨਿ ਇਲੱਲਾਹ ਨੂੰ ਵੀ ਤੌਫ਼ੀਕ਼ ਦੇਵੇ ਕਿ ਉਹ ਸਹੀ ਇਲਮ ਹਾਸਿਲ ਕਰਨ। ਅੱਲਾਹ ਤਆਲਾ ਨਾਲ਼ ਤਅੱਲੁਕ਼ ਪੈਦਾ ਕਰਨ ਅਤੇ ਫਿਰ ਇਸਲਾਮ ਅਤੇ ਅਹਮਦਿੱਯਤ ਦੇ **ਪੈਗ਼ਾਮ** ਨੂੰ ਦੁਨੀਆ ਦੇ ਹਰ ਕੋਨੇ ਵਿੱਚ ਪਹੁੰਚਾਉਣ ਵਾਲ਼ੇ ਹੋਣ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞